Best Start
Best Life

KINDERGARTEN
Victorian Government Approved

# ਪਰਿਵਾਰਾਂ ਲਈ ਸਲਾਹ: ਸੈਸ਼ਨਲ ਸੇਵਾਵਾਂ ਵਿੱਚ Free Kinder

**Free Kinder ਵਿੱਚ ਭਾਗ ਲੈਣ ਵਾਲੀਆਂ ਸੇਵਾਵਾਂ ਵਿੱਚ ਮਾਲੀ-ਸਹਾਇਤਾ ਪ੍ਰਾਪਤ ਕਿੰਡਰਗਾਰਟਨ ਪ੍ਰੋਗਰਾਮਾਂ ਵਿੱਚ ਦਾਖ਼ਲ ਹੋਏ ਸਾਰੇ ਬੱਚਿਆਂ ਲਈ Free Kinder (ਮੁਫ਼ਤ ਕਿੰਡਰ) ਉਪਲਬਧ ਹੈ।**

## ਪਰਿਵਾਰਾਂ ਲਈ ਬੱਚਤ

ਸੈਸ਼ਨਲ ਕਿੰਡਰਗਾਰਟਨ ਸੇਵਾਵਾਂ ਵਿੱਚ ਦਾਖ਼ਲ ਹੋਏ ਬੱਚੇ ਇੱਕ ਮੁਫ਼ਤ ਪ੍ਰੋਗਰਾਮ ਪ੍ਰਾਪਤ ਕਰਦੇ ਹਨ।

- 3 ਸਾਲਾਂ ਦੇ ਬੱਚਿਆਂ ਲਈ, Free Kinder ਦਾ ਮਤਲਬ ਹੈ ਇੱਕ ਮੁਫ਼ਤ ਕਿੰਡਰਗਾਰਟਨ ਪ੍ਰੋਗਰਾਮ ਜੋ ਕਿ ਹਫ਼ਤੇ ਵਿੱਚ 5 ਤੋਂ 15 ਘੰਟੇ (ਸਾਲਾਨਾ 200-600 ਘੰਟੇ) ਤੱਕ ਹੁੰਦਾ ਹੈ,
- 4 ਸਾਲਾਂ ਦੇ ਬੱਚਿਆਂ ਲਈ, Free Kinder ਦਾ ਮਤਲਬ ਹੈ ਇੱਕ ਮੁਫ਼ਤ ਕਿੰਡਰਗਾਰਟਨ ਪ੍ਰੋਗਰਾਮ ਜੋ ਕਿ ਹਫ਼ਤੇ ਵਿੱਚ 15 ਘੰਟੇ (ਸਾਲਾਨਾ 600 ਘੰਟੇ) ਹੁੰਦਾ ਹੈ।






## ਯੋਗਤਾ

Free Kinder ਹਰ ਕਿਸੇ ਲਈ ਹੈ। Free Kinder ਤੱਕ ਪਹੁੰਚ ਕਰਨ ਦੇ ਯੋਗ ਹੋਣ ਲਈ ਤੁਹਾਨੂੰ ਆਸਟ੍ਰੇਲੀਆਈ ਨਾਗਰਿਕ ਹੋਣ ਦੀ ਲੋੜ ਨਹੀਂ ਹੈ।

ਤੁਹਾਡਾ ਬੱਚਾ ਇੱਕ ਸਾਲ ਦਾ Free Kinder ਤਿੰਨ-ਸਾਲਾ ਕਿੰਡਰਗਾਰਟਨ (Three-Year-Old Kindergarten) ਪ੍ਰੋਗਰਾਮ ਵਿੱਚ ਅਤੇ ਇੱਕ ਸਾਲ ਦਾ Free Kinder ਚਾਰ-ਸਾਲਾ ਕਿੰਡਰਗਾਰਟਨ (Four-Year-Old Kindergarten) ਪ੍ਰੋਗਰਾਮ ਵਿੱਚ ਪ੍ਰਾਪਤ ਕਰ ਸਕਦਾ ਹੈ। ਤੁਹਾਡਾ ਬੱਚਾ ਇੱਕ ਸਮੇਂ ਵਿੱਚ ਸਿਰਫ਼ ਇੱਕ ਸੇਵਾ ਵਿੱਚ ਹੀ Free Kinder ਪ੍ਰਾਪਤ ਕਰ ਸਕਦਾ ਹੈ। ਤੁਹਾਡੀ ਕਿੰਡਰਗਾਰਟਨ ਸੇਵਾ ਤੁਹਾਨੂੰ ਇਹ ਪੁਸ਼ਟੀ ਕਰਨ ਲਈ ਇੱਕ ਫਾਰਮ 'ਤੇ ਦਸਤਖ਼ਤ ਕਰਨ ਲਈ ਕਹੇਗੀ ਕਿ ਤੁਹਾਡਾ ਬੱਚਾ ਉਨ੍ਹਾਂ ਦੀ ਸੇਵਾ ਵਿੱਚ ਆਪਣਾ ਮਾਲੀ-ਸਹਾਇਤਾ ਪ੍ਰਾਪਤ ਕਿੰਡਰਗਾਰਟਨ ਪ੍ਰੋਗਰਾਮ ਪ੍ਰਾਪਤ ਕਰ ਰਿਹਾ ਹੈ।

## ਸੈਸ਼ਨਲ ਕਿੰਡਰਗਾਰਟਨ ਸੇਵਾਵਾਂ ਜੋ ਹਰ ਹਫ਼ਤੇ 15 ਘੰਟਿਆਂ ਤੋਂ ਵੱਧ ਘੰਟਿਆਂ ਦੀ ਪੇਸ਼ਕਸ਼ ਕਰਦੀਆਂ ਹਨ

Free Kinder ਵਿੱਚ ਭਾਗ ਲੈਣ ਵਾਲੀਆਂ ਕੁੱਝ ਕੁ ਸੈਸ਼ਨਲ ਕਿੰਡਰਗਾਰਟਨ ਸੇਵਾਵਾਂ ਫ਼ੀਸ ਲੈ ਕੇ ਵਾਧੂ ਕਿੰਡਰਗਾਰਟਨ ਘੰਟੇ ਜਾਂ ਦੇਖਭਾਲ ਦੇ ਘੰਟੇ ਦੇਣ ਦੀ ਸੁਵਿਧਾ ਦਿੰਦਿਆਂ ਹਨ। ਇਹ ਵਾਧੂ ਘੰਟੇ ਲੈਣੇ ਆਪਣੀ ਮਰਜ਼ੀ 'ਤੇ ਹੁੰਦੇ ਹਨ। ਜੇ ਤੁਸੀਂ ਵਾਧੂ ਘੰਟੇ ਨਹੀਂ ਲੈਣਾ ਚਾਹੁੰਦੇ ਹੋ, ਤਾਂ ਤੁਹਾਡਾ ਬੱਚਾ 15-ਘੰਟੇ ਵਾਲੇ ਪ੍ਰੋਗਰਾਮ ਵਿੱਚ ਮੁਫ਼ਤ ਵਿੱਚ ਸ਼ਾਮਲ ਹੋ ਸਕਦਾ ਹੈ।

ਕਿਰਪਾ ਕਰਕੇ ਫ਼ੀਸਾਂ ਜਾਂ ਦਿੱਤੇ ਜਾਣ ਵਾਲੇ ਘੰਟਿਆਂ ਬਾਰੇ ਜਾਣਕਾਰੀ ਲੈਣ ਲਈ, ਆਪਣੀ ਕਿੰਡਰਗਾਰਟਨ ਸੇਵਾ ਨੂੰ ਇਸ ਬਾਰੇ ਪੁੱਛੋ।



THE EDUCATION STATE
VICTORIA State Government
Department of Education

Best Start Best Life

KINDERGARTEN Victorian Government Approved

## ਹੋਰ ਮੰਨਜ਼ੂਰਸ਼ੁਦਾ ਖ਼ਰਚੇ

ਤੁਹਾਡੇ ਤੋਂ ਹੇਠਾਂ ਦਿੱਤੇ ਖ਼ਰਚੇ ਲਏ ਜਾ ਸਕਦੇ ਹਨ:

- ਕਿੰਡਰਗਾਰਟਨ ਲਈ ਆਪਣੇ ਬੱਚੇ ਦਾ ਦਾਖ਼ਲਾ ਕਰਵਾਉਣ ਸਮੇਂ ਇੱਕ ਰਜਿਸਟ੍ਰੇਸ਼ਨ ਫ਼ੀਸ। ਇਹ ਫ਼ੀਸ ਲਈ ਜਾ ਸਕਦੀ ਹੈ ਕਿਉਂਕਿ ਇਹ ਕਿੰਡਰਗਾਰਟਨ ਪ੍ਰੋਗਰਾਮ ਦੀ ਡਿਲੀਵਰੀ ਨਾਲ ਸੰਬੰਧਿਤ ਨਹੀਂ ਹੈ।
- ਦਾਖ਼ਲਾ ਪੇਸ਼ਗੀ, ਪਰ ਜਦੋਂ ਤੁਹਾਡਾ ਬੱਚਾ ਸੇਵਾ ਵਿੱਚ ਜਾਣਾ ਸ਼ੁਰੂ ਕਰਦਾ ਹੈ ਤਾਂ ਇਹ ਵਾਪਸ ਕਰ ਦਿੱਤੀ ਜਾਂਦੀ ਹੈ।
- ਇੱਕ ਵਾਰੀ ਦੇ ਸੈਰ-ਸਪਾਟਾ ਖ਼ਰਚੇ (ਜਿਵੇਂ ਕਿ ਐਂਟਰੀ ਫ਼ੀਸ ਅਤੇ ਆਵਾਜਾਈ ਦੇ ਖ਼ਰਚੇ)।

ਸ਼ਰਨਾਰਥੀ ਪਿਛੋਕੜ ਵਾਲੇ ਬੱਚੇ, ਬਾਲ ਸੁਰੱਖਿਆ ਵੱਲੋਂ ਜਾਣੇ ਜਾਂਦੇ ਬੱਚੇ, ਐਬੋਰਿਜ਼ਨਲ ਬੱਚੇ ਅਤੇ Commonwealth ਰਿਆਇਤ ਕਾਰਡ ਰੱਖਣ ਵਾਲਿਆਂ ਤੋਂ ਸੈਰ-ਸਪਾਟੇ ਲਈ ਕੋਈ ਖ਼ਰਚਾ ਨਹੀਂ ਲਿਆ ਜਾਵੇਗਾ।

ਕੁੱਝ ਸੇਵਾਵਾਂ ਸਾਲ ਦੇ ਸ਼ੁਰੂ ਵਿੱਚ ਸੈਰ-ਸਪਾਟੇ ਲਈ ਭੁਗਤਾਨ ਕਰਨ ਦੀ ਬੇਨਤੀ ਕਰ ਸਕਦੀਆਂ ਹਨ। ਇਹਨਾਂ ਮਾਮਲਿਆਂ ਵਿੱਚ, ਸੇਵਾਵਾਂ ਨੂੰ ਸਾਲ ਦੇ ਅੰਤ ਵਿੱਚ ਸੈਰ-ਸਪਾਟੇ ਦੇ ਖ਼ਰਚੇ ਵਿੱਚੋਂ ਬਚੇ ਵਾਧੂ ਪੈਸਿਆਂ ਨੂੰ ਵਾਪਸ ਕਰ ਦੇਣਾ ਚਾਹੀਦਾ ਹੈ।

ਤੁਹਾਡੀ ਸੇਵਾ ਤੁਹਾਨੂੰ ਸਵੈ-ਇੱਛਤ ਦਾਨ ਜਾਂ ਫੰਡਰੇਜ਼ਿੰਗ ਵਿੱਚ ਹਿੱਸਾ ਲੈਣ ਲਈ ਕਹਿ ਸਕਦੀ ਹੈ। ਤੁਸੀਂ ਚੁਣ ਸਕਦੇ ਹੋ ਕਿ ਕੀ ਤੁਸੀਂ ਦਾਨ ਕਰਨਾ ਚਾਹੁੰਦੇ ਹੋ ਜਾਂ ਫੰਡਰੇਜ਼ਿੰਗ ਵਿੱਚ ਹਿੱਸਾ ਲੈਣਾ ਚਾਹੁੰਦੇ ਹੋ ਜਾਂ ਨਹੀਂ।

ਤੁਹਾਡੇ ਤੋਂ ਇਹਨਾਂ ਲਈ ਖ਼ਰਚਾ ਨਹੀਂ ਲਿਆ ਜਾਵੇਗਾ:

- ਉਹ ਸੈਰ-ਸਪਾਟੇ ਜਾਂ ਨਿਯਮਤ ਸੈਰ-ਸਪਾਟੇ (ਉਦਾਹਰਨ ਲਈ, ਬੁਸ਼ ਕਿੰਡਰ (Bush Kinder), ਹਫ਼ਤਾਵਾਰੀ ਸੰਗੀਤ ਸੈਸ਼ਨ) ਲਈ ਜੋ ਕਿ ਕਿੰਡਰਗਾਰਟਨ ਪ੍ਰੋਗਰਾਮ ਦਾ ਮੁੱਖ ਹਿੱਸਾ ਹਨ।
- ਲਾਜ਼ਮੀ ਤੌਰ ‘ਤੇ ਆਪਣੀ ਜੇਬ ਵਿੱਚੋਂ ਦਿੱਤੀਆਂ ਜਾਣ ਵਾਲੀਆਂ ਫ਼ੀਸਾਂ ਜਾਂ ਲੇਵੀ, ਉਦਾਹਰਨ ਲਈ, ਮੁਰੰਮਤ ਦੀ ਫ਼ੀਸ, ਮੈਂਬਰਸ਼ਿਪ ਫ਼ੀਸ।

## ਜੇਕਰ ਤੁਹਾਡਾ ਬੱਚਾ ਸਾਲ ਦੇ ਵਿਚਕਾਰ ਕਿੰਡਰਗਾਰਟਨ ਸੇਵਾਵਾਂ ਬਦਲਦਾ ਹੈ

ਜੇਕਰ ਤੁਹਾਡਾ ਬੱਚਾ ਕਿਸੇ ਕਿੰਡਰਗਾਰਟਨ ਸਾਲ ਦੇ ਦੌਰਾਨ Free Kinder ਵਿੱਚ ਭਾਗ ਲੈ ਰਹੀ ਇੱਕ ਵੱਖਰੀ ਸੈਸ਼ਨਲ (ਇਕੱਲੀ) ਸੇਵਾ ਵਿੱਚ ਜਾਂਦਾ ਹੈ, ਤਾਂ ਜਿਸ ਸੇਵਾ ਵਿੱਚੋਂ ਤੁਸੀਂ ਜਾ ਰਹੇ ਹੋ, ਉਹ Free Kinder ਲਈ ਭੁਗਤਾਨ ਪ੍ਰਾਪਤ ਕਰਨਾ ਬੰਦ ਕਰ ਦੇਵੇਗੀ ਅਤੇ ਤੁਹਾਡੀ ਨਵੀਂ ਸੈਸ਼ਨਲ ਸੇਵਾ ਨੂੰ Free Kinder ਲਈ ਮਾਲੀ-ਸਹਾਇਤਾ ਪ੍ਰਾਪਤ ਹੋਵੇਗੀ ਤਾਂ ਕਿ ਤੁਸੀਂ ਮੁਫ਼ਤ ਪ੍ਰੋਗਰਾਮ ਪ੍ਰਾਪਤ ਕਰਨਾ ਜਾਰੀ ਰੱਖ ਸਕੋ।

ਜੇਕਰ ਤੁਹਾਡਾ ਬੱਚਾ ਆਪਣੇ ਕਿੰਡਰਗਾਰਟਨ ਸਾਲ ਦੌਰਾਨ ਕਿਸੇ ਸੈਸ਼ਨਲ ਕਿੰਡਰਗਾਰਟਨ ਪ੍ਰੋਗਰਾਮ ਤੋਂ ਲੰਬੇ ਦਿਨ ਦੀ ਦੇਖਭਾਲ ਸੇਵਾ ਵਿੱਚ ਕਿੰਡਰਗਾਰਟਨ ਪ੍ਰੋਗਰਾਮ ਵਿੱਚ ਜਾਂਦਾ ਹੈ, ਤਾਂ ਉਹ ਸੇਵਾ Free Kinder ਭੁਗਤਾਨ ਪ੍ਰਾਪਤ ਕਰਨਾ ਬੰਦ ਕਰ ਦੇਵੇਗੀ ਅਤੇ ਤੁਹਾਡੀ ਨਵੀਂ ਸੇਵਾ ਨੂੰ Free Kinder ਮਾਲੀ-ਸਹਾਇਤਾ ਪ੍ਰਾਪਤ ਹੋਵੇਗੀ ਤਾਂ ਜੋ ਉਹ ਬੱਚਤ ਨੂੰ ਅੱਗੇ ਤੁਹਾਨੂੰ ਦੇ ਸਕਣ।

ਲੰਬੇ ਦਿਨ ਦੀਆਂ ਦੇਖਭਾਲ ਸੇਵਾਵਾਂ ਵਿੱਚ Free Kinder ਬਾਰੇ ਹੋਰ ਜਾਣਕਾਰੀ **vic.gov.au/kinder** ‘ਤੇ ਉਪਲਬਧ ਹੈ।

